pstcl
PUNJAB STATE TRANSMISSION CORPORATION LIMITED ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫ਼ਤਰ: ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ)
ਕਾਰਪੋਰੇਟ ਆਇਡੈਂਟਿਟੀ ਨੰਬਰ:- U40109PB2010SGC033814
ਦਫ਼ਤਰ: ਉਪ ਮੁੱਖ ਇੰਜੀਨੀਅਰ/ ਐਚ.ਆਰ. ਅਤੇ ਪ੍ਰਬੰਧਕੀ, ਸ਼ਕਤੀ ਸਦਨ, ਪਟਿਆਲਾ।
ਟੈਲੀਫੂਨ ਨੰ:- 0175-2970693 ਈ-ਮੇਲ: se-admin@pstcl.org ਵੈਬਸਾਇਟ : www.pstcl.org

ਦਫਤਰੀ ਹੁਕਮ ਨੰ: 690 / CS-140 ਮਿਤੀ: 20/9/23

ਜਿਵੇਂ ਕਿ ਇੰਜੀ: ਨਵਦੀਪ ਕੁਮਾਰ, ਸਪੁੱਤਰ ਸ਼੍ਰੀ ਜੋਗਿੰਦਰ ਪਾਲ, ਏ.ਈ. (ਕੋਡ ਨੰ. 501151), ਨੂੰ ਦਫਤਰ: 132 ਕੇ.ਵੀ. ਸ/ਸ ਆਈ.ਜੀ.ਸੀ., ਪੀ.ਐਸ.ਟੀ.ਸੀ.ਐਲ., ਬਠਿੰਡਾ ਵਿਖੇ ਤੈਨਾਤੀ ਦੌਰਾਨ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਦੋਸ਼ ਸੂਚੀ ਨੰ. 140 ਮਿਤੀ 30.08.2022 ਜਾਰੀ ਕੀਤੀ ਗਈ ਸੀ:-

*"ਜਦੋਂ ਤੁਸੀਂ (ਇੰਜ. ਨਵਦੀਪ ਕੁਮਾਰ (ਆਈ.ਡੀ-501151) ਸਹਾਇਕ ਇੰਜੀਨੀਅਰ) 132 ਕੇ.ਵੀ. ਸ/ਸ ਆਈ.ਜੀ.ਸੀ. ਬਠਿੰਡਾ ਵਿਖੇ ਬਤੌਰ ਏ.ਈ. ਤੈਨਾਤ ਸੀ ਤਾਂ ਤੁਹਾਡੇ ਵਲੋਂ ਆਪਣੀ ਡਿਊਟੀ ਨਿਭਾਉਂਦੇ ਸਮੇਂ ਹੇਠ ਦਰਸਾਈਆਂ ਅਣਗਹਿਲੀਆਂ/ ਕੁਤਾਹੀਆਂ/ਗਲਤੀਆਂ ਕੀਤੀਆਂ ਗਈਆਂ:-*

1. *ਤੁਹਾਡੇ (ਇੰਜ. ਨਵਦੀਪ ਕੁਮਾਰ (ਆਈ.ਡੀ-501151) ਸਹਾਇਕ ਇੰਜੀਨੀਅਰ) ਵਲੋਂ ਮੁੱਖ ਇੰਜੀਨੀਅਰ, ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ ਦੇ ਦ/ਹੁ ਨੰ. 318 ਮਿਤੀ 18.11.2021 ਰਾਹੀਂ ਮਨਜ਼ੂਰ ਹੋਈ ਕਮਾਈ ਛੁੱਟੀ ਮਿਤੀ 22.11.2021 ਤੋਂ 17.12.2021 (26 ਦਿਨ) ਸਮੇਤ ਅਗੇਤਰ 19.11.2021 ਤੋਂ 21.11.2021 ਅਤੇ ਪਿਛੇਤਰ 18.12.2021 ਤੋਂ 19.12.2021 ਮਾਨਣ ਹਿੱਤ ਮਿਤੀ 18.11.2021 ਨੂੰ ਬ:ਦੁ:ਆਪਣੀ ਰਵਾਨਗੀ ਰਿਪੋਰਟ ਪੇਸ਼ ਕੀਤੀ ਗਈ। ਤੁਸੀਂ ਛੁੱਟੀ ਮਨਜ਼ੂਰ ਕਰਵਾ ਕੇ ਮਾਨਣ ਉਪਰੰਤ ਜਾਣ-ਬੁੱਝ ਕੇ ਮਿਤੀ 20.12.2021 ਨੂੰ ਹਾਜ਼ਰ ਨਹੀਂ ਹੋਏ। ਵਧੀਕ ਨਿਗਰਾਨ ਇੰਜੀਨੀਅਰ ਪੀ ਤੇ ਐਮ ਮੰਡਲ ਬਠਿੰਡਾ ਵਲੋਂ ਪੱਤਰਾਂ ਰਾਹੀਂ ਤੁਹਾਨੂੰ ਨਿੱਜੀ ਤੌਰ ਤੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਲਈ ਲਿਖਿਆ ਗਿਆ ਪਰੰਤੂ ਤੁਸੀਂ ਪੇਸ਼ ਨਹੀਂ ਹੋਏ ਅਤੇ ਤੁਹਾਡੇ ਵਲੋਂ ਕੇਵਲ ਈ-ਮੇਲਾਂ ਰਾਹੀਂ ਹੀ ਛੁੱਟੀ ਵਧਾਉਣ ਬਾਰੇ ਲਿਖਿਆ ਗਿਆ। ਤੁਸੀਂ ਆਪਣੀ ਡਿਊਟੀ ਤੋਂ ਜਾਣ-ਬੁੱਝ ਕੇ ਗੈਰ-ਹਾਜ਼ਰ ਰਹੇ ਹੋ, ਜਿਸ ਲਈ ਤੁਸੀਂ ਸਿੱਧੇ ਤੌਰ ਤੇ ਜਿੰਮੇਵਾਰ ਹੋ।*
2. *ਵਧੀਕ ਨਿਗਰਾਨ ਇੰਜੀਨੀਅਰ ਪੀ ਤੇ ਐਮ ਮੰਡਲ ਬਠਿੰਡਾ ਵਲੋਂ ਤੁਹਾਨੂੰ ਵਾਰ-ਵਾਰ ਛੁੱਟੀ ਵਿੱਚ ਵਾਧਾ ਕਰਨ ਸਬੰਧੀ ਸਪੱਸ਼ਟੀਕਰਨ ਪੇਸ਼ ਕਰਨ ਅਤੇ ਤੁਰੰਤ ਡਿਊਟੀ ਜੁਆਇੰਨ ਕਰਨ ਸਬੰਧੀ ਲਿਖਿਆ ਗਿਆ ਪਰੰਤੂ ਤੁਸੀ ਆਪਣੀ ਡਿਊਟੀ ਤੇ ਹਾਜ਼ਰ ਨਹੀਂ ਹੋਏ। ਇਹ ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਉਲੰਘਣਾ ਹੈ, ਜਿਸ ਲਈ ਤੁਸੀਂ ਸਿੱਧੇ ਤੌਰ ਤੇ ਜਿੰਮੇਵਾਰ ਹੋ।*

*ਇਸ ਲਈ ਤੁਹਾਡੇ ਵਲੋਂ ਡਿਊਟੀ ਸਮੇਂ ਦੌਰਾਨ ਕੀਤੀਆਂ ਕੁਤਾਹੀਆਂ/ ਅਣਗਹਿਲੀਆਂ ਦੇ ਮੱਦੇਨਜ਼ਰ ਆਪ ਵਿਰੁੱਧ ਪੰ.ਰਾ.ਬਿ.ਬੋ/ ਹੁਣ ਪੀ.ਐਸ.ਟੀ.ਸੀ.ਐਲ./ ਪੀ.ਐਸ.ਪੀ.ਸੀ.ਐਲ., ਕਰਮਚਾਰੀ ਸਜ਼ਾ ਤੇ ਅਪੀਲ ਰੈਗੂਲੇਸ਼ਨ-1971 ਦੇ ਵਿਨਿਯਮ 05 ਦੇ ਕ੍ਰਮ ਨੰ. I ਤੋਂ IX ਤੱਕ (ਵਿਨਿਯਮ 8 ਨਾਲ ਪੜ੍ਹਿਆ ਜਾਵੇ) ਅਧੀਨ, ਅਨੁਸਾਸ਼ਨੀ ਕਾਰਵਾਈ ਲਈ ਆਕਰਸ਼ਿਤ ਕਰਦੀਆਂ ਹਨ।"*

ਜਿਵੇਂ ਕਿ ਅਧਿਕਾਰੀ ਦੇ ਰਿਪੋਰਟਿੰਗ ਦਫਤਰ: ਵਧੀਕ ਨਿਗਰਾਨ ਇੰਜੀਨੀਅਰ, ਪੀ ਤੇ ਐਮ ਮੰਡਲ, ਪੀ.ਐਸ.ਟੀ.ਸੀ.ਐਲ., ਬਠਿੰਡਾ ਵਲੋਂ ਆਪਣੇ ਪੱਤਰ ਨੰ. 2436 ਮਿਤੀ 09.09.2022 ਰਾਹੀਂ ਸੂਚਿਤ ਕੀਤਾ ਗਿਆ ਕਿ ਦੋਸ਼ ਸੂਚੀ ਅਧਿਕਾਰੀ ਦੇ ਪਿਤਾ ਸ਼੍ਰੀ ਜੋਗਿੰਦਰ ਪਾਲ ਵਲੋਂ ਅਧਿਕਾਰੀ ਦੇ ਨਿੱਜੀ ਪਤੇ ਤੇ ਮਿਤੀ 06.09.2022 ਨੂੰ ਪ੍ਰਾਪਤ ਕੀਤੀ ਗਈ ਸੀ।

ਜਿਵੇਂ ਕਿ ਇੰਜੀ: ਨਵਦੀਪ ਕੁਮਾਰ, ਏ.ਈ. ਦਾ ਇੱਕ ਬੇਨਤੀ ਪੱਤਰ ਇਸ ਦਫਤਰ ਵਿਖੇ ਈ.ਮੇਲ. ਮਿਤੀ 22.09.2022 ਰਾਹੀਂ ਪ੍ਰਾਪਤ ਹੋਇਆ ਸੀ ਅਤੇ ਇਸ ਪੱਤਰ ਵਿੱਚ ਸਬੰਧਤ ਅਧਿਕਾਰੀ ਵਲੋਂ ਬੇਨਤੀ ਕੀਤੀ ਗਈ ਸੀ ਕਿ ਉਸ ਨੂੰ ਡਿਊਟੀ ਜੁਆਇੰਨ ਕਰਨ ਹੇਠ ਕੁੱਝ ਹੋਰ ਸਮਾਂ ਪ੍ਰਵਾਨ ਕੀਤਾ ਜਾਵੇ ਅਤੇ ਇਹ ਵੀ ਲਿਖਿਆ ਹੋਇਆ ਸੀ ਕਿ ਉਸ ਵਲੋਂ ਦੋਸ਼ ਸੂਚੀ ਸਬੰਧੀ ਜਵਾਬ ਦੀ ਕਾਪੀ ਇਸ ਦਫਤਰ ਨੂੰ ਪੋਸਟ ਰਾਹੀਂ ਭੇਜ਼ ਦਿੱਤੀ ਗਈ ਹੈ।

ਜਿਵੇਂ ਕਿ ਉਪਰੋਕਤ ਅਨੁਸਾਰ ਅਧਿਕਾਰੀ ਦਾ ਦੋਸ਼ ਸੂਚੀ ਨੰ. 140 ਮਿਤੀ 30.08.2022 ਸਬੰਧੀ ਕੋਈ ਵੀ ਜੁਆਬ ਨਾ ਪ੍ਰਾਪਤ ਹੋਣ ਦੇ ਮੱਦੇਨਜਰ, ਇਸ ਦਫਤਰ ਵਲੋਂ ਪੱਤਰ ਨੰ. 21224 ਮਿਤੀ 26.10.2022 ਰਾਹੀਂ ਅਧਿਕਾਰੀ ਦੇ ਨਿੱਜੀ ਪਤੇ ਤੇ ਰਜਿਸਟਰਡ ਪੱਤਰ ਭੇਜਕੇ ਅਧਿਕਾਰੀ ਨੂੰ ਦੋਸ਼ ਸੂਚੀ ਦੇ ਸਬੰਧ ਵਿੱਚ ਆਪਣਾ ਜਵਾਬ ਦੇਣ ਦਾ ਇੱਕ ਹੋਰ ਮੌਕਾ ਦਿੱਤਾ ਗਿਆ ਸੀ, ਪਰੰਤੂ ਇਸ ਦਫਤਰ ਦਾ ਪੱਤਰ ਨੰ. 21224 ਮਿਤੀ 26.10.2022 ਡਾਕ ਵਿਭਾਗ ਵਲੋਂ *"ਘਰ ਵਾਲਿਆਂ ਨੇ ਲੈਣ ਤੋਂ ਇਨਕਾਰ ਕੀਤਾ"* ਦੇ ਰਿਮਾਰਕਸ ਨਾਲ ਅਣਵੰਡਿਆ ਪ੍ਰਾਪਤ ਹੋਇਆ।

ਜਿਵੇਂ ਕਿ ਦੋਸ਼ ਸੂਚੀ ਪ੍ਰਾਪਤ ਕਰਨ ਉਪਰੰਤ ਇਸ ਦਾ ਜਵਾਬ ਦੇਣ ਲਈ ਨਿਰਧਾਰਤ ਸਮੇਂ ਤੋਂ ਕਾਫੀ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਅਧਿਕਾਰੀ ਦਾ ਦੋਸ਼ ਸੂਚੀ ਸਬੰਧੀ ਕੋਈ ਵੀ ਜਵਾਬ ਨਾ ਪ੍ਰਾਪਤ ਹੋਣ ਕਰਕੇ, ਦੋਸ਼ ਸੂਚੀ ਨੰ. 140 ਮਿਤੀ 30.08.2022 ਵਿੱਚ ਲੱਗੇ ਦੋਸ਼ਾਂ ਦੀ ਵਿਭਾਗੀ ਪੜਤਾਲ ਲਈ, ਇਸ ਦਫਤਰ ਦੇ ਦਫਤਰੀ ਹੁਕਮ ਨੰ. 982 ਮਿਤੀ 23.12.22 ਰਾਹੀਂ ਉਪ ਮੁੱਖ ਇੰਜੀ:/ ਐਸ.ਐਲ.ਡੀ.ਸੀ. (ਓਪਰੇਸ਼ਨ), ਪੀ.ਐਸ.ਟੀ.ਸੀ.ਐਲ., ਅਬਲੋਵਾਲ (ਪਟਿਆਲਾ) ਨੂੰ ਪੜ੍ਹਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ।

ਜਿਵੇਂ ਕਿ ਪੜ੍ਹਤਾਲੀਆ ਅਫਸਰ ਵਲੋਂ ਮੀਮੋ ਨੰ. 237 ਮਿਤੀ 04.05.2023 ਰਾਹੀਂ ਪੜ੍ਹਤਾਲ ਰਿਪੋਰਟ ਇਸ ਦਫਤਰ ਵਿਖੇ ਭੇਜੀ ਗਈ, ਜਿਸ ਵਿੱਚ ਸਿੱਟਾ ਹੇਠ ਲਿਖੇ ਅਨੁਸਾਰ ਹੈ:-

*"ਵਿਭਾਗੀ ਪੜ੍ਹਤਾਲ ਵਿੱਚ ਇਹ ਸਾਹਮਣੇ ਆਇਆ ਕਿ ਇੰਜ. ਨਵਦੀਪ ਕੁਮਾਰ ਬਤੌਰ ਸਹਾਇਕ ਇੰਜੀਨੀਅਰ, 132 ਕੇ.ਵੀ. ਸ/ਸ ਆਈ. ਜੀ.ਸੀ. ਬਠਿੰਡਾ ਵਿਖੇ ਤੈਨਾਤ ਸੀ, ਮਿਤੀ 22.11.2021 ਤੋਂ 17.12.2021 (26 ਦਿਨ) ਸਮੇਤ ਅਗੇਤਰ 19.11.2021 ਤੋਂ 21.11.2021 ਅਤੇ 18.12.2021 ਤੋਂ 19.12.2021 ਤੱਕ ਛੁੱਟੀ ਮੰਨਜੂਰ ਕਰਵਾ ਕੇ ਗਿਆ ਸੀ, ਪਰ ਛੁੱਟੀ ਖਤਮ ਹੋਣ ਉਪਰੰਤ ਮਿਤੀ 20.12.2021 ਡਿਊਟੀ ਤੇ ਹਾਜਿਰ ਨਹੀ ਹੋਏ।*

*ਵਿਭਾਗੀ ਪੜ੍ਹਤਾਲ ਦੌਰਾਣ ਸਾਹਮਣੇ ਆਇਆ ਹੈ ਕਿ ਮੁਦਾਲੇ ਨੂੰ ਆਪਣਾ ਪੱਖ ਰੱਖਣ ਲਈ ਉਸਦੇ ਘਰ ਦੇ ਪਤੇ ਤੇ ਸੰਮਨ ਪੱਤਰ ਨੰ.* 22/ DE-560 *ਮਿਤੀ 05.01.2023, ਪੱਤਰ ਨੰ: 34/35 ਮਿਤੀ 17.01.2023 ਅਤੇ ਪੱਤਰ ਨੰ. 67/68 ਮਿਤੀ 01.02.2023 ਭੇਜੇ ਗਏ, ਇਹਨਾਂ ਵਿੱਚੋਂ ਸੰਮਨ ਪੱਤਰ ਨੰ.* 22/ DE-560 *ਮਿਤੀ 05.01.2023 ਡਾਕ ਵਿਭਾਗ ਵਲੋਂ* "left without add" *ਰਿਮਾਕਸ ਨਾਲ ਇਸ ਦਫਤਰ ਨੂੰ ਵਪਿਸ ਭੇਜਿਆ ਗਿਆ। ਇਸ ਤੋਂ ਇਲਾਵਾ ਪੱਤਰ ਨੰ: 34/35 ਮਿਤੀ 17.01.2023, ਪੱਤਰ ਨੰ: 67/68 ਮਿਤੀ 01.02.2023 ਉਸਦੇ ਦਫਤਰ ਦੇ ਰਾਹੀਂ ਵੀ ਅਧਿਕਾਰੀ ਨੂੰ ਰਸੀਵ ਕਰਵਾਉਣ ਹਿੱਤ ਭੇਜੇ ਗਏ, ਜੋ ਕਿ ਉਹਨਾਂ ਦੇ ਪਿਤਾ ਵਲੋਂ ਰਸੀਵ ਕੀਤੇ ਗਏ, ਪ੍ਰੰਤੂ ਮੁਦਾਲਾ ਨਿਸ਼ਚਿਤ ਮਿਤੀ ਨੂੰ ਅਦਾਲਤ ਵਿੱਚ ਪੇਸ਼ ਨਹੀ ਹੋਇਆ।*

*ਇਸ ਤੋਂ ਬਾਅਦ ਉਸਨੂੰ ਪਬਲਿਕ ਨੋਟਿਸ ਮਿਤੀ 21.02.2023 ਰਾਹੀਂ (ਅੰਗਰੇਜੀ ਅਤੇ ਪੰਜਾਬੀ) ਅਖਬਾਰ ਦੇ ਮਾਧਿਅਮ ਰਾਹੀਂ ਸੂਚਨਾ ਦਿੰਦੇ ਹੋਏ ਹਦਾਇਤ ਕੀਤੀ ਗਈ ਕਿ ਇਸ ਨੋਟਿਸ ਛੱਪਣ ਤੇ 30 ਦਿਨਾਂ ਦੇ ਅੰਦਰ ਅੰਦਰ ਉਸਨੂੰ ਆਪਣਾ ਨਿੱਜੀ ਪੱਖ ਰੱਖਣ ਲਈ ਆਖਿਰੀ ਮੌਕਾ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਅਗਰ ਇਸ ਪੜ੍ਹਤਾਲ ਵਿੱਚ ਮਿੱਥੇ ਸਮੇਂ ਵਿੱਚ ਹਾਜਰ ਨਹੀਂ ਹੁੰਦਾ, ਤਾਂ ਵਿਭਾਗੀ ਪੜ੍ਹਤਾਲ ਦੀ ਇਕਤਰਫਾ ਕਾਰਵਾਈ ਕੀਤੀ ਜਾਵੇਗੀ। ਮੁਦਾਲੇ ਦੀ ਈਮੇਲ ਐਡਰੇਸ:* navuppal007@gmail.com *ਤੇ ਪਬਲਿਕ ਨੋਟਿਸ ਭੇਜਿਆ ਗਿਆ ਪ੍ਰੰਤੂ ਮੁਦਾਲਾ ਨਿਸ਼ਚਿਤ ਸਮੇਂ ਵਿੱਚ ਹਾਜਿਰ ਨਹੀ ਹੋਇਆ।*

*ਉਪਰੋਕਤ ਤੱਥਾਂ ਅਨੁਸਾਰ ਇਹ ਸਪੱਸ਼ਟ ਹੈ ਕਿ ਮੁਦਾਲਾ ਇੰਜ ਨਵਦੀਪ ਕੁਮਾਰ ਏ.ਈ (ਕੋਡ ਨੰ: 501141) ਜਾਣ ਬੁੱਝ ਕੇ ਡਿਊਟੀ ਤੇ ਗੈਰ ਹਾਜਿਰ ਹੈ। ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਲਈ ਉਹ (ਨਵਦੀਪ ਕੁਮਾਰ) ਜਿੰਮੇਵਾਰ ਹੈ।*

*ਇੰਨਕੁਆਰੀ ਅਫਸਰ, ਪ੍ਰਾਸੀਕਿਊਸ਼ਨ ਪੱਖ ਵੱਲੋਂ ਪੇਸ਼ ਕੀਤੇ ਗਏ ਸੰਖੇਪ ਸਾਰ, ਗਵਾਹ ਦੇ ਬਿਆਨ ਸਮੇਤ ਰਿਕਾਰਡ ਅਤੇ ਮੁਦਾਲੇ ਨੂੰ ਇਸ ਦਫਤਰ ਵੱਲੋਂ ਜਾਰੀ ਸੰਮਨਾਂ ਅਤੇ ਅੰਤ ਵਿੱਚ ਜਾਰੀ ਪਬਲਿਕ ਨੋਟਿਸ ਦੇ ਬਾਵਜੂਦ ਪੜ੍ਹਤਾਲ ਵਿੱਚ ਹਿੱਸਾ ਨਾ ਲੈਣ ਦੇ ਮੱਦੇਨਜਰ, ਇਸ ਸਿੱਟੇ ਤੇ ਪਹੁੰਚਿਆ ਕਿ ਮੁਦਾਲਾ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਲਈ ਜਿੰਮਵਾਰ ਬਣਦਾ ਹੈ ਅਤੇ ਦੋਸ਼ ਸੂਚੀ ਵਿੱਚ ਲੱਗੇ ਦੋਸ਼ ਸਿੱਧ ਹੁੰਦੇ ਹਨ।"*

ਜਿਵੇਂ ਕਿ ਪੜਤਾਲ ਰਿਪੋਰਟ ਰਜਿਸਟਰਡ ਪੱਤਰ ਰਾਹੀਂ ਅਧਿਕਾਰੀ ਇੰਜੀ: ਨਵਦੀਪ ਕੁਮਾਰ ਦੇ ਨਿੱਜੀ ਪਤੇ ਉੱਤੇ 30 ਦਿਨਾਂ ਦਾ ਸਮਾਂ ਦਿੰਦੇ ਹੋਏ ਪ੍ਰਤੀਵੇਦਨਾ ਦੇਣ ਲਈ ਭੇਜੀ ਗਈ ਸੀ।

ਜਿਵੇਂ ਕਿ ਉਪਰੋਕਤ ਪ੍ਰਤੀਵੇਦਨਾ ਸਬੰਧੀ ਪੱਤਰ ਨੂੰ ਇਸ ਦਫਤਰ ਵਲੋਂ ਪੀ.ਐਸ.ਟੀ.ਸੀ.ਐਲ. ਦੀ ਵੈੱਬ-ਸਾਈਟ ਤੇ ਅਪਲੋਡ ਕੀਤਾ ਗਿਆ ਅਤੇ ਇਸ ਪੱਤਰ ਨੂੰ ਅਧਿਕਾਰੀ ਦੇ ਈ-ਮੇਲ ਆਈ.ਡੀ. ਤੇ ਮੇਲ ਵੀ ਕੀਤਾ ਗਿਆ।

ਜਿਵੇਂ ਕਿ ਪ੍ਰਤੀਵੇਦਨਾ ਪੱਤਰ ਡਾਕ ਵਿਭਾਗ ਵਲੋਂ "ਘਰ ਬਾਰੇ ਪਤਾ ਕਰਨ ਤੇ ਪ੍ਰਾਪਤ-ਕਰਤਾ ਘਰ ਨਹੀਂ ਮਿਲਿਆ" ਦੇ ਰਿਮਾਰਕਸ ਨਾਲ ਅਣਵੰਡਿਆ ਪ੍ਰਾਪਤ ਹੋਇਆ।

ਜਿਵੇਂ ਕਿ ਮਿੱਥਿਆ ਸਮਾਂ ਲੰਘਣ ਉਪਰੰਤ ਵੀ ਅਧਿਕਾਰੀ ਵਲੋਂ ਆਪਣੀ ਕੋਈ ਵੀ ਪ੍ਰਤੀਵੇਦਨਾ ਪੇਸ਼ ਨਹੀਂ ਕੀਤੀ ਗਈ।

ਜਿਵੇਂ ਕਿ ਇਸ ਦਫਤਰ ਦੇ ਪੱਤਰ ਨੰ. 11916/ 11917 ਮਿਤੀ 25.08.2023 ਰਾਹੀਂ ਅਤੇ ਪੰਜਾਬੀ ਅਤੇ ਅੰਗਰੇਜ਼ੀ ਦੇ ਅਖਬਾਰ ਵਿੱਚ ਪਬਲਿਕ ਨੋਟਿਸ ਮਿਤੀ 26.08.2023 ਰਾਹੀਂ ਅਧਿਕਾਰੀ ਇੰਜੀ: ਨਵਦੀਪ ਕੁਮਾਰ ਨੂੰ ਸਮਰੱਥ ਅਧਿਕਾਰੀ ਨਿਰਦੇਸ਼ਕ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ., ਪਟਿਆਲਾ ਜੀ ਦੇ ਸਨਮੁੱਖ ਮਿਤੀ 13.09.2023 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ। ਇਸ ਦੇ ਨਾਲ-ਨਾਲ ਨਿੱਜੀ ਸੁਣਵਾਈ ਸਬੰਧੀ ਪੱਤਰ ਮਿਤੀ 25.08.2023 ਨੂੰ ਪੀ.ਐਸ.ਟੀ.ਸੀ.ਐਲ. ਦੀ ਵੈੱਬ-ਸਾਈਟ ਤੇ ਅਪਲੋਡ ਵੀ ਕਰ ਦਿੱਤਾ ਗਿਆ ਸੀ ਪਰੰਤੂ ਅਧਿਕਾਰੀ ਨਿਰਧਾਰਤ ਸਮੇਂ ਤੇ ਨਾ ਹੀ ਹਾਜਰ ਹੋਇਆ ਅਤੇ ਨਾ ਹੀ ਆਪਣਾ ਕੋਈ ਲਿਖਤ ਪੱਖ ਭੇਜਿਆ।

ਜਿਵੇਂ ਕਿ ਅਧਿਕਾਰੀ ਵਿਰੁੱਧ ਦੋਸ਼ ਸੂਚੀ ਨੰ. 140 ਮਿਤੀ 30.08.2022 ਸਬੰਧੀ ਮੁਕੰਮਲ ਕੇਸ ਸਮੇਤ ਸਬੰਧਤ ਰਿਕਾਰਡ, ਵਿਭਾਗੀ ਪੜਤਾਲ ਰਿਪੋਰਟ, ਅਤੇ ਪਬਲਿਕ ਨੋਟਿਸ ਦੇਣ ਉਪਰੰਤ ਨਿਮਨਹਸਤਾਖਰ ਵਲੋਂ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਜਾਂਦਾ ਹੈ:-

"ਇੰਜੀ: ਨਵਦੀਪ ਕੁਮਾਰ (ਕੋਡ ਨੰ. 501151), ਏ.ਈ./ ਇਲੈਕਟ੍ਰੀਕਲ ਦੀ ਬਦਲੀ/ ਤੈਨਾਤੀ 132/66/11 ਕੇ.ਵੀ. ਸਬ-ਸਟੇਸ਼ਨ, ਪੀ.ਐਸ.ਟੀ.ਸੀ.ਐਲ., ਆਈ.ਜੀ.ਸੀ., ਬਠਿੰਡਾ ਤੋਂ 400 ਕੇਵੀ ਸਬ-ਸਟੇਸ਼ਨ ਬਹਿਮਣ ਜੱਸਾ ਸਿੰਘ ਵਾਲਾ ਵਿਖੇ ਸੀ.ਐਮ.ਡੀ./ ਪੀ.ਐਸ.ਟੀ.ਸੀ.ਐਲ. ਜੀ ਦੀ ਪ੍ਰਵਾਨਗੀ ਨਾਲ ਦਫਤਰੀ ਹੁਕਮ ਨੰ. 174 ਮਿਤੀ 24.03.2022 ਰਾਹੀਂ ਕੀਤੀ ਗਈ ਸੀ। ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਹੋਣ ਦੇ ਸਬੰਧ ਵਿੱਚ ਅਧਿਕਾਰੀ ਇੰਜੀ: ਨਵਦੀਪ ਕੁਮਾਰ ਦੇ ਰਿਪੋਰਟਿੰਗ ਦਫਤਰ: ਵਧੀਕ ਨਿਗਰਾਨ ਇੰਜੀਨੀਅਰ, ਪੀ ਤੇ ਐਮ ਮੰਡਲ, ਪੀ.ਐਸ.ਟੀ.ਸੀ.ਐਲ., ਬਠਿੰਡਾ ਵਲੋਂ ਪੱਤਰ ਮਿਤੀ 19.04.2022 ਰਾਹੀਂ ਸੂਚਿਤ ਕੀਤਾ ਗਿਆ ਕਿ ਇੰਜੀ: ਨਵਦੀਪ ਕੁਮਾਰ, ਏ.ਈ. (ਕੋਡ ਨੰ. 501151) ਮੁੱਖ ਇੰਜੀਨੀਅਰ/ ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ ਜੀ ਦੇ ਦਫਤਰੀ ਹੁਕਮ ਨੰ. 318 ਮਿਤੀ 18.11.2021 ਰਾਹੀਂ ਮੰਜੂਰ ਹੋਈ ਕਮਾਈ ਛੁੱਟੀ ਮਿਤੀ 22.11.2021 ਤੋਂ ਮਿਤੀ 17.12.2021 ਤੱਕ (26 ਦਿਨ) ਤੇ ਗਿਆ ਸੀ, ਪਰ ਛੁੱਟੀ ਖਤਮ ਹੋਣ ਤੋਂ ਬਾਅਦ ਵੀ ਉਹ ਆਪਣੀ ਡਿਊਟੀ ਤੇ ਹਾਜਰ ਨਹੀਂ ਹੋਇਆ। ਇਸ ਸਬੰਧੀ, ਵਧੀਕ ਨਿਗਰਾਨ ਇੰਜੀਨੀਅਰ, ਪੀ ਤੇ ਐਮ ਮੰਡਲ, ਪੀ.ਐਸ.ਟੀ.ਸੀ.ਐਲ., ਬਠਿੰਡਾ ਵਲੋਂ ਪੱਤਰ ਨੰ. 590 ਮਿਤੀ 04.03.2022, ਪੱਤਰ ਨੰ. 729 ਮਿਤੀ 21.03.2022, ਪੱਤਰ ਨੰ. 1034 ਮਿਤੀ 19.04.2022 ਰਾਹੀਂ ਅਧਿਕਾਰੀ ਇੰਜੀ: ਨਵਦੀਪ ਕੁਮਾਰ ਨੂੰ ਆਪਣੀ ਡਿਊਟੀ ਤੇ ਨਾ ਹਾਜਰ ਹੋਣ ਸਬੰਧੀ ਸਪੱਸ਼ਟੀਕਰਨ ਦਿੰਦੇ ਹੋਏ ਡਿਊਟੀ ਜੁਆਇੰਨ ਕਰਨ ਲਈ ਲਿਖਿਆ ਗਿਆ, ਪਰੰਤੂ ਅਧਿਕਾਰੀ ਵਲੋਂ ਫਿਰ ਵੀ ਆਪਣੀ ਡਿਊਟੀ ਜੁਆਇੰਨ ਨਹੀਂ ਕੀਤੀ ਗਈ। ਇਸ ਤੋਂ ਇਲਾਵਾ, ਮੰਡਲ ਦਫਤਰ ਬਠਿੰਡਾ ਵਲੋਂ ਪੱਤਰ ਨੰ. 1094 ਮਿਤੀ 24.04.2022, ਪੱਤਰ ਨੰ. 1341 ਮਿਤੀ 16.05.2022 ਅਤੇ ਪੱਤਰ ਨੰ. 1601 ਮਿਤੀ 16.06.2022 ਰਾਹੀਂ ਅਧਿਕਾਰੀ ਨੂੰ ਡਿਊਟੀ ਪ੍ਰਤੀ ਲਾ-ਪ੍ਰਵਾਹੀ ਬਾਰੇ ਆਪਣਾ ਸਪੱਸ਼ਟੀਕਰਨ ਦਿੰਦੇ ਹੋਏ ਤੁਰੰਤ ਡਿਊਟੀ ਜੁਆਇੰਨ ਕਰਨ ਸਬੰਧੀ ਲਿਖਿਆ, ਪਰੰਤੂ ਇਹ ਪੱਤਰ ਡਾਕ ਵਿਭਾਗ ਵਲੋਂ ਰਜਿਸਟਰਡ ਪੋਸਟ ਦੇ ਲਿਫਾਫੇ ਉੱਪਰ "*ਪ੍ਰਾਪਤ ਕਰਤਾ ਘਰੇ ਨਹੀਂ ਰਹਿੰਦਾ, ਘਰ ਵਾਲਿਆਂ ਨੇ ਪੱਤਰ ਲੈਣ ਤੋਂ ਇਨਕਾਰ ਕੀਤਾ*" ਲਿਖਕੇ ਅਣਵੰਡੇ ਵਾਪਿਸ ਪ੍ਰਾਪਤ ਹੋਏ।

ਅਧਿਕਾਰੀ ਇੰਜੀ: ਨਵਦੀਪ ਕੁਮਾਰ ਵਲੋਂ ਮਿਤੀ 20.12.2021 ਤੋਂ ਲਗਾਤਾਰ ਆਪਣੀ ਡਿਊਟੀ ਤੋਂ willfull ਗੈਰਹਾਜਰ ਹੋਣ ਦੇ ਦੋਸ਼ਾਂ/ ਕੁਤਾਹੀਆਂ ਕਾਰਨ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ. ਜੀ ਦੀ ਪ੍ਰਵਾਨਗੀ ਨਾਲ ਇੰਜੀ: ਨਵਦੀਪ ਕੁਮਾਰ ਵਿਰੁੱਧ ਪੀ.ਐਸ.ਟੀ.ਸੀ.ਐਲ. ਦੇ ਸਜ਼ਾ ਅਤੇ ਅਪੀਲ ਵਿਨਿਯਮ 1971 ਦੀ ਧਾਰਾ 5(v) ਤੋਂ (ix) – 'Major Penalties' ਅਧੀਨ ਅਨੁਸ਼ਾਸ਼ਨੀ ਕਾਰਵਾਈ ਕਰਨ ਹਿੱਤ ਦੋਸ਼ ਸੂਚੀ ਨੰ. 140 ਮਿਤੀ 30.08.22 ਜਾਰੀ ਕੀਤੀ ਗਈ। ਅਧਿਕਾਰੀ ਵੱਲੋਂ ਦੋਸ਼ ਸੂਚੀ ਦੇ ਸਬੰਧ ਵਿੱਚ ਇਸਦਾ ਕੋਈ ਜਵਾਬ ਨਹੀਂ ਦਿਤਾ ਗਿਆ।

ਅਧਿਕਾਰੀ ਦੀ ਦੋਸ਼ ਸੂਚੀ ਦਾ ਫੈਸਲਾ ਕਰਨ ਤੋਂ ਪਹਿਲਾਂ ਕੇਸ ਦੀ ਵਿਭਾਗੀ ਪੜਤਾਲ ਉਪ ਮੁੱਖ ਇੰਜੀ:/ ਐਸ.ਐਲ.ਡੀ.ਸੀ. (ਉਪਰੇਸ਼ਨ), ਪੀ.ਐਸ.ਟੀ.ਸੀ.ਐਲ., ਅਬਲੋਵਾਲ (ਪਟਿਆਲਾ) ਤੋਂ ਕਰਵਾਈ ਗਈ। ਵਿਭਾਗੀ ਪੜਤਾਲ ਅਨੁਸਾਰ ਅਧਿਕਾਰੀ ਨੂੰ ਵਾਰ ਵਾਰ ਸੰਮਨ ਪੱਤਰ ਭੇਜਕੇ ਅਤੇ ਅਖਬਾਰਾਂ ਦੇ ਮਾਧਿਅਮ ਰਾਹੀਂ ਪੜਤਾਲ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਪਰੰਤੂ ਅਧਿਕਾਰੀ ਕਦੇ ਵੀ ਵਿਭਾਗੀ ਪੜਤਾਲ ਵਿੱਚ ਸ਼ਾਮਲ ਨਹੀਂ ਹੋਇਆ। ਪੜ੍ਹਤਾਲੀਆ ਅਫਸਰ, ਪ੍ਰਾਸੀਕਿਊਸ਼ਨ ਪੱਖ ਵੱਲੋਂ ਪੇਸ਼ ਕੀਤੇ ਸੰਖੇਪ ਸਾਰ, ਗਵਾਹ ਦੇ ਬਿਆਨ ਸਮੇਤ ਰਿਕਾਰਡ ਅਤੇ ਮੁਦਾਲੇ ਨੂੰ ਉਨ੍ਹਾਂ ਵੱਲੋਂ ਜਾਰੀ ਸੰਮਨਾਂ ਅਤੇ ਅੰਤ ਵਿੱਚ ਜਾਰੀ ਪਬਲਿਕ ਨੋਟਿਸ ਦੇ ਬਾਵਜੂਦ ਪੜ੍ਹਤਾਲ ਵਿੱਚ ਹਿੱਸਾ ਨਾ ਲੈਣ ਦੇ ਮੱਦੇਨਜਰ, ਇਸ ਸਿੱਟੇ ਤੇ ਪਹੁੰਚੇ ਕਿ ਮੁਦਾਲਾ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਲਈ ਜਿੰਮਵਾਰ ਬਣਦਾ ਹੈ ਅਤੇ ਦੋਸ਼ ਸੂਚੀ ਵਿੱਚ ਲੱਗੇ ਦੋਸ਼ ਸਿੱਧ ਹੁੰਦੇ ਹਨ।

ਅਧਿਕਾਰੀ ਨੂੰ ਪੜ੍ਹਤਾਲ ਰਿਪੋਰਟ ਦੇ ਸਬੰਧ ਵਿੱਚ ਪ੍ਰਤੀਵੇਦਨਾ (ਰਿਬੱਟਲ) ਦੇਣ ਲਈ ਰਜਿਸਟਰਡ ਪੱਤਰ ਨੰ. 6675 ਮਿਤੀ 15.05.2023 ਰਾਹੀਂ ਅਧਿਕਾਰੀ ਦੇ ਨਿੱਜੀ ਘਰ ਦੇ ਪਤੇ ਤੇ ਲਿਖਿਆ ਗਿਆ ਸੀ ਅਤੇ ਨਾਲ ਹੀ ਇਸ ਪੱਤਰ ਨੂੰ ਪੀ.ਐਸ.ਟੀ.ਸੀ.ਐਲ. ਦੀ ਵੈਬ ਸਾਈਟ ਤੇ ਅਪਲੋਡ ਵੀ ਕੀਤਾ ਗਿਆ ਸੀ, ਪ੍ਰੰਤੂ ਅਧਿਕਾਰੀ ਵੱਲੋਂ ਕੋਈ ਪ੍ਰਤੀਵੇਦਨਾ ਨਹੀਂ ਦਿਤੀ ਗਈ।

ਇਸ ਕੇਸ ਨੂੰ ਵਾਚਣ/ ਘੋਖਣ ਉਪਰੰਤ ਕੁਦਰਤੀ ਨਿਆਂ ਦੇ ਸਿਧਾਂਤਾਂ/ ਨਿਯਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦੋਸ਼ ਸੂਚੀ ਦਾ ਫੈਸਲਾ ਕਰਨ ਤੋਂ ਪਹਿਲਾਂ ਇਸ ਦਫਤਰ ਦੇ ਪੱਤਰ ਨੰ. 11916 ਮਿਤੀ 25.08.2023 ਰਾਹੀਂ ਅਤੇ ਮਿਤੀ 26.08.2023 ਨੂੰ ਅਖਬਾਰ ਵਿੱਚ ਪਬਲਿਕ ਨੋਟਿਸ ਰਾਹੀਂ ਨਿਮਨ-ਹਸਤਾਖਰ ਦੇ ਸਨਮੁੱਖ ਮਿਤੀ 13.09.2023 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਪਰੰਤੂ ਅਧਿਕਾਰੀ ਵਲੋਂ ਨਿਰਧਾਰਤ ਸਮੇਂ ਨਿਮਨ-ਹਸਤਾਖਰ ਦੇ ਚੈਂਬਰ ਵਿਖੇ ਆਪਣਾ ਪੱਖ ਰੱਖਣ ਲਈ ਨਾ ਖੁਦ ਪੇਸ਼ ਹੋਇਆ ਅਤੇ ਨਾ ਹੀ ਉਸ ਵਲੋਂ ਆਪਣੇ ਦੇ ਲਗਾਏ ਗਏ ਦੋਸ਼ਾਂ ਪ੍ਰਤੀ ਕੋਈ ਸਪਸ਼ਟੀਕਰਨ ਭੇਜਿਆ ਗਿਆ। ਜਿਸ ਤੋਂ ਨਿਮਨਹਸਤਾਖਰ ਨੂੰ ਇਹ ਪੱਕੇ ਤੌਰ ਤੇ ਯਕੀਨ ਹੋ ਗਿਆ ਹੈ ਕਿ ਇੰਜ: ਨਵਦੀਪ ਕੁਮਾਰ, ਏ.ਈ. ਆਪਣੀ ਡਿਊਟੀ ਤੋਂ ਜਾਣਬੁੱਝ ਕੇ ਗੈਰ ਹਾਜਰ ਹੋਇਆ ਹੈ ਅਤੇ ਇੰਨਕੁਆਰੀ ਅਫਸਰ ਅਤੇ ਵਧੀਕ ਨਿਗਰਾਨ ਇੰਜੀਨੀਅਰ, ਪੀ ਤੇ ਐਮ ਮੰਡਲ, ਬਠਿੰਡਾ ਵਲੋਂ ਭੇਜੇ ਗਏ ਪੱਤਰ ਜੋ ਕਿ ਡਾਕ ਵਿਭਾਗ ਵਲੋਂ "left without add" ਲਿਖ ਕੇ ਅਣਵੰਡੇ ਵਾਪਿਸ ਪ੍ਰਾਪਤ ਹੋਏ, ਜਿਸ ਤੋਂ ਇਹ ਜਾਹਰ ਹੁੰਦਾ ਹੈ ਕਿ ਅਧਿਕਾਰੀ ਦੀ ਪੀ.ਐਸ.ਟੀ.ਸੀ.ਐਲ. ਦੀਆਂ ਸੇਵਾਵਾਂ ਵਿੱਚ ਹੁਣ ਕੋਈ ਰੁਚੀ ਨਹੀਂ ਹੈ।

ਉਪਰੋਕਤ ਦਰਸਾਈ ਸਥਿਤੀ ਤੋਂ ਨਿਮਨਹਸਤਾਖਰ ਇਸ ਸਿੱਟੇ ਤੇ ਪਹੁੰਚਿਆ ਹੈ ਕਿ ਅਧਿਕਾਰੀ ਮਹਿਕਮੇ ਦੇ ਨਿਯਮਾਂ ਅਨੁਸਾਰ ਕਮਾਈ ਛੁੱਟੀ ਮਾਨਣ ਉਪਰੰਤ ਆਪਣੀ ਤੈਨਾਤੀ ਸਟੇਸ਼ਨ ਤੇ ਹਾਜਰ ਨਾ ਹੋਣ ਲਈ ਪੂਰੀ ਤਰ੍ਹਾਂ ਜਿੰਮੇਵਾਰ ਹੈ ਅਤੇ ਡਿਊਟੀ ਤੋਂ ਲਗਾਤਾਰ ਗੈਰ ਹਾਜਰ ਰਹਿਣ ਕਾਰਨ ਉਸ ਉਪਰ ਦੋਸ਼ ਸੂਚੀ ਵਿੱਚ ਲਗਾਏ ਦੋਸ਼ ਸਿੱਧ ਹੁੰਦੇ ਹਨ, ਜਿਸ ਲਈ ਇੰਜੀ: ਨਵਦੀਪ ਕੁਮਾਰ, ਸਪੁੱਤਰ ਸ਼੍ਰੀ ਜੋਗਿੰਦਰ ਪਾਲ, ਏ.ਈ. (ਕੋਡ ਨੰ. 501151) ਵਿਰੁੱਧ ਪੀ.ਐਸ.ਟੀ.ਸੀ.ਐਲ. ਵਲੋਂ ਸਾਰੀ ਵਿਭਾਗੀ (departmental) ਕਾਰਵਾਈ ਕਰਨ ਉਪਰੰਤ ਵੀ ਲਗਭਗ ਡੇਢ ਸਾਲ ਤੋਂ ਵੱਧ ਦੇ ਸਮੇਂ ਤੋਂ ਡਿਊਟੀ ਤੇ ਹਾਜਰ ਨਾ ਹੋਣ ਕਾਰਨ ਅਧਿਕਾਰੀ ਵਿਰੁੱਧ ਇਕਤਰਫਾ ਕਾਰਵਾਈ ਕਰਦੇ ਹੋਏ ਪੀ.ਐਸ.ਟੀ.ਸੀ.ਐਲ. ਦੀਆਂ ਸੇਵਾਵਾਂ ਤੋਂ ਬਰਤਰਫ ਕਰਨ (removal from Service) ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਰਹਿ ਜਾਂਦਾ। ਇਸ ਲਈ ਮੈਂ, ਸ਼੍ਰੀ ਨੇਮ ਚੰਦ ਚੋਧਰੀ, ਨਿਰਦੇਸ਼ਕ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ., ਪਟਿਆਲਾ, ਸਜ਼ਾ ਅਧਿਕਾਰੀ ਹੋਣ ਦੇ ਨਾਤੇ ਇੰਜ: ਨਵਦੀਪ ਕੁਮਾਰ, ਏ.ਈ., ਕੋਡ ਨੰ. 501151, ਨੂੰ ਵਿਸ਼ਾ ਚਰਚਿਤ ਦੋਸ਼ ਸੂਚੀ ਵਿੱਚ ਦਰਸਾਏ ਗਏ ਦੋਸ਼ਾਂ ਲਈ ਜਿੰਮੇਵਾਰ ਮੰਨਦੇ ਹੋਏ ਕਰਮਚਾਰੀ ਸਜ਼ਾ ਅਤੇ ਅਪੀਲ ਰੇਗੂਲੇਸ਼ਨ, 1971 ਦੇ ਵਿਨਿਯਮ 5 ਜ਼ੋ ਕਿ ਵਿਨਿਯਮ (viii) ਨਾਲ ਪੜਿਆ ਜਾਵੇ, ਅਧੀਨ ਇੰਜ: ਨਵਦੀਪ ਕੁਮਾਰ, ਏ.ਈ., ਕੋਡ ਨੰ. 501151 ਨੂੰ ਮਹਿਕਮੇ ਦੀਆਂ ਸੇਵਾਵਾਂ ਤੋਂ ਉਸ ਦੇ ਗੈਰ ਹਾਜਰ ਹੋਣ ਦੀ ਮਿਤੀ ਭਾਵ ਮਿਤੀ 20.12.2021 ਤੋਂ ਬਰਤਰਫ ਕਰਨ (removal from service) ਦੀ ਪ੍ਰਵਾਨਗੀ ਦਿੰਦਾ ਹੈ।"

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਇੰਜ: ਨਵਦੀਪ ਕੁਮਾਰ, ਏ.ਈ., ਕੋਡ ਨੰ. 501151 ਦੀਆਂ ਸੇਵਾਵਾਂ ਉਸ ਦੇ ਗੈਰ ਹਾਜਰ ਹੋਣ ਦੀ ਮਿਤੀ ਅਰਥਾਤ 20.12.2021 ਸਜਾ ਅਤੇ ਅਪੀਲ ਰੇਗੂਲੇਸ਼ਨ, 1971 ਦੇ ਵਿਨਿਯਮ 5 ਜੋ ਕਿ ਵਿਨਿਯਮ (viii) ਨਾਲ ਪੜਿਆ ਜਾਵੇ ਅਤੇ ਪੀ.ਐਸ.ਈ.ਬੀ., ਇੰਜੀਨੀਅਰਜ਼ (ਇਲੈਕਟ੍ਰੀਕਲ) ਰੈਗੂਲੇਸ਼ਨ 1965 ਦੇ ਅਪੈਂਡਿਕਸ ਡੀ ਅਧੀਨ ਪੀ.ਐਸ.ਟੀ.ਸੀ.ਐਲ. ਦੀਆਂ ਸੇਵਾਵਾਂ ਤੋਂ ਬਰਤਰਫ (Removal from Services) ਕੀਤੀਆਂ ਜਾਂਦੀਆਂ ਹਨ। ਅਧਿਕਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ:-

1. ਨਾਮ ਅਤੇ ਅਹੁੱਦਾ: ਇੰਜ: ਨਵਦੀਪ ਕੁਮਾਰ, ਏ.ਈ., ਕੋਡ ਨੰ. 501151
2. ਜਨਮ ਮਿਤੀ: 29/08/1988
3. ਪਿਤਾ ਦਾ ਨਾਮ: ਸ਼੍ਰੀ ਜੋਗਿੰਦਰ ਪਾਲ
4. ਪੀ.ਐਸ.ਟੀ.ਸੀ.ਐਲ. ਵਿੱਚ ਜੁਆਇਨ ਕਰਨ ਦੀ ਮਿਤੀ: 20/07/2012 (ਦੁ:ਪ:)
5. ਰਿਟਾਇਰਮੈਂਟ ਦੀ ਮਿਤੀ: 31/08/2046

(ਨੇਮ ਚੰਦ)
ਨਿਰਦੇਸ਼ਕ/ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ., ਪਟਿਆਲਾ।

ਪਿੱਠ ਅੰਕਣ ਨੰ. 13020/33 / CS-140 ਮਿਤੀ : 20/9/23

ਉਪਰੋਕਤ ਦਾ ਉਤਾਰਾ ਹੇਠ ਦਰਸਾਏ ਦਫਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

ਰਜਿਸਟਰਡ (1-4):

1. ਪ੍ਰਮੁੱਖ ਇੰਜੀਨੀਅਰ/ ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ।
2. ਉਪ ਮੁੱਖ ਇੰਜੀਨੀਅਰ/ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ, ਬਠਿੰਡਾ।
3. ਵਧੀਕ ਨਿਗਰਾਨ ਇੰਜੀਨੀਅਰ/ ਪੀ ਤੇ ਐਮ ਮੰਡਲ, ਪੀ.ਐਸ.ਟੀ.ਸੀ.ਐਲ, ਬਠਿੰਡਾ ਨੂੰ 1 ਨੰ: ਵਾਧੂ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇੰਜ: ਨਵਦੀਪ ਕੁਮਾਰ, ਏ.ਈ., ਕੋਡ ਨੰ. 501151 ਨੂੰ ਵਾਧੂ ਕਾਪੀ ਸੌਂਪ ਕੇ ਉਸ ਦੀ ਪ੍ਰਾਪਤੀ ਰਸੀਦ, ਪ੍ਰਤੀ ਹਸਤਾਖਰ ਕਰਕੇ ਇਸ ਦਫਤਰ ਨੂੰ ਤੁਰੰਤ ਭੇਜਣੀ ਯਕੀਨੀ ਬਣਾਈ ਜਾਵੇ ਜੀ।
4. ਉੱਪ ਮੁੱਖ ਇੰਜੀਨੀਅਰ/ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ, ਜਲੰਧਰ ਨੂੰ 1 ਨੰ: ਵਾਧੂ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇੰਜ: ਨਵਦੀਪ ਕੁਮਾਰ, ਏ.ਈ., ਕੋਡ ਨੰ. 501151 ਨੂੰ ਵਾਧੂ ਕਾਪੀ ਸੌਂਪ ਕੇ ਉਸ ਦੀ ਪ੍ਰਾਪਤੀ ਰਸੀਦ, ਪ੍ਰਤੀ ਹਸਤਾਖਰ ਕਰਕੇ ਇਸ ਦਫਤਰ ਨੂੰ ਤੁਰੰਤ ਭੇਜਣੀ ਯਕੀਨੀ ਬਣਾਈ ਜਾਵੇ ਜੀ।
5. ਉੱਪ ਮੁੱਖ ਇੰਜੀ:/ ਟੈਕਨੀਕਲ ਆਡਿਟ-ਕਮ-ਓ.ਐਸ.ਡੀ. ਟੂ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ., ਪਟਿਆਲਾ।
6. ਉਪ ਮੁੱਖ ਇੰਜੀਨੀਅਰ/ ਐਸ.ਐਲ.ਡੀ.ਸੀ., (ਓਪਰੇਸ਼ਨ) ਪੀ.ਐਸ.ਟੀ.ਸੀ.ਐਲ, ਅਬਲੋਵਾਲ (ਪਟਿਆਲਾ)।
7. ਇੰਜੀ: ਮਨੋਜ ਕੁਮਾਰ, ਏ.ਈ./ ਏ.ਪੀ.ਸੀ. (ਦਫਤਰ:ਐਸ.ਐਲ.ਡੀ.ਸੀ.,ਪੀ.ਐਸ.ਟੀ.ਸੀ.ਐਲ, ਅਬਲੋਵਾਲ (ਪਟਿਆਲਾ)।
8. ਵਧੀਕ ਨਿਗਰਾਨ ਇੰਜੀਨੀਅਰ/ ਟ੍ਰੇਨਿੰਗ ਸੈਲ (ਪੀ ਤੇ ਆਰ), ਪੀ.ਐਸ.ਟੀ.ਸੀ.ਐਲ., ਪਟਿਆਲਾ।

9. ਉਪ ਸਕੱਤਰ/ ਅਮਲਾ (ਭਰਤੀ), ਪੀ.ਐਸ.ਟੀ.ਸੀ.ਐਲ., ਪਟਿਆਲਾ।

10.ਸੀਨੀ:ਕਾ:ਕਾ:ਇੰਜੀ:/ ਪ੍ਰਸੋਨਲ, ਪੀ.ਐਸ.ਟੀ.ਸੀ.ਐਲ, ਪਟਿਆਲਾ।

11.ਲੇਖਾ ਅਫਸਰ/ ਤਨਖਾਹ ਤੇ ਲੇਖਾ, ਪੀ.ਐਸ.ਟੀ.ਸੀ.ਐਲ., ਪਟਿਆਲਾ।

12.ਲੇਖਾ ਅਫਸਰ/ ਕੈਸ਼, ਪੀ.ਐਸ.ਟੀ.ਸੀ.ਐਲ., ਪਟਿਆਲਾ।

12.ਲਾਅ ਅਫਸਰ, ਗ੍ਰੇਡ-1,ਪੀ.ਐਸ.ਟੀ.ਸੀ.ਐਲ., ਪਟਿਆਲਾ।

ਰਜਿਸਟਰਡ

13.ਇੰਜੀ. ਨਵਦੀਪ ਕੁਮਾਰ (ਕੋਡ ਨੰ. 501151), ਜਨਮ ਮਿਤੀ: 29.08.1988 ਪੁੱਤਰ ਸ਼੍ਰੀ ਜੋਗਿੰਦਰ ਪਾਲ, ਵਾਰਡ ਨੰ. 12, ਪੁਰਾਣਾ ਸਿਨੇਮਾ ਰੋਡ, ਮਾਤਾ ਛੰਨ ਕੌਰ ਸਕੂਲ ਵਾਲੀ ਗਲੀ, ਸਰਦੂਲਗੜ੍ਹ, ਜਿਲ੍ਹਾ ਮਾਨਸਾ, ਪਿੰਨ 151507

20/9/2023

ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ।

ਸੀ.ਸੀ. 13034/36 20/9/23

1) ਸੀਨੀ: ਨਿੱਜੀ ਸਕੱਤਰ ਟੂ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
2) ਸੀਨੀ: ਨਿੱਜੀ ਸਕੱਤਰ ਟੂ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
3) ਸੀਨੀ: ਨਿੱਜੀ ਸਕੱਤਰ ਟੂ ਡਾਇਰੈਕਟਰ/ ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।